# ਪਾਠਕਾਂ ਦੇ ਪੱਤਰ

To, Editor, Panjab Times
21 Cotton Brook Road,
Derby DE23 8YJ, U.K.

ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਪਾਠਕ ਆਪਣੇ ਪੱਤਰ ਦੇ ਨਾਲ ਆਪਣਾ ਸਹੀ ਪਤਾ ਅਤੇ ਟੈਲੀਫ਼ੋਨ ਨੰਬਰ ਜ਼ਰੂਰ ਲਿਖ ਕੇ ਭੇਜਣ, ਅਜਿਹਾ ਨਾ ਹੋਣ ਦੀ ਸੂਰਤ ਵਿਚ ਅਸੀਂ ਉਹ ਪੱਤਰ ਛਾਪਣ ਤੋਂ ਅਸਮਰੱਥ ਹੋਵਾਂਗੇ।

## ਬੱਬੂ ਮਾਨ ਨੂੰ ਮੁਆਫ਼ੀ ਨਹੀਂ ਸੀ ਮੰਗਣੀ ਚਾਹੀਦੀ



ਸਤਿਕਾਰਯੋਗ ਪੁਰੇਵਾਲ ਸਾਹਿਬ,
ਵਾਹਿਗੁਰੂ ਜੀ ਕਾ ਖਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਾਊਥਾਲ ਤੋਂ ਛਪਦੇ ਸਮਕਾਲੀ ਪੇਪਰ ਵਿੱਚ ਪਾਠਕਾਂ ਦੇ ਪੱਤਰ ਕਾਲਮ ਹੇਠ ਮੇਰੇ ਵੀਰ ਪ੍ਰਕਾਸ਼ ਸੋਹਲ ਜੀ ਦਾ ਇਕ ਪੱਤਰ ਛਪਿਆ ਹੈ। ਪ੍ਰਕਾਸ਼ ਜੀ ਨੇ ਬੱਬੂ ਮਾਨ ਦੇ ਉਸ ਗੀਤ ਤੇ ਟਿਪਣੀ ਕੀਤੀ ਹੈ, ਜਿਸ ਵਿੱਚ ਬੱਬੂ ਮਾਨ ਨੇ 'ਧਰਮ ਪ੍ਰਚਾਰ ਕਮੇਟੀ' ਵਲੋਂ ਪ੍ਰਕਾਸ਼ਤ ਪੁਸਤਕ 'ਸਾਚੀ ਸਾਖੀ' ਦੀ ਲਿਖਤ ਤੇ ਅਧਾਰ ਤੇ ਲਾਲਾ ਲਾਜਪਤ ਰਾਏ ਦੀ ਦਿਲ ਫੇਲ੍ਹ ਹੋਣ ਨਾਲ ਹੋਈ ਮੌਤ ਬਾਰੇ ਇਹ ਗੀਤ ਗਾਇਆ ਹੈ ਕਿ

**ਦੇਸ਼ ਦੀ ਅਜ਼ਾਦੀ ਲਈ**
**ਉਹਨੇ ਕੀ ਕਰਿਆ ਸੀ,**
**ਡਾਗਾਂ ਨਾਲ ਨਹੀਂ ਮਰਿਆ,**
**ਉਹ ਤਾਂ ਹਾਰਟ ਅਟੈਕ ਨਾਲ ਮਰਿਆ ਸੀ।**

ਅੱਗੇ ਚਲਕੇ ਪ੍ਰਕਾਸ਼ ਜੀ ਨੇ ਬੱਬੂ ਮਾਨ ਤੇ ਹੋਰ ਤਰਕ ਕੀਤੀ ਹੈ ਕਿ 'ਅਖਾੜਿਆਂ ਵਿੱਚ ਗਾਉਣ ਵਾਲੇ ਅਕਸਰ ਵਿਦਵਾਨ ਨਹੀਂ ਹੁੰਦੇ' ਤੇ ਅੰਤ ਵਿੱਚ ਆਪ ਜੀ ਲਿਖਦੇ ਹਨ ਕਿ ਜਾਗ੍ਰਿਤੀ ਇਨਕਲਾਬ ਲਿਆਉਂਦੀ ਹੈ ਤੇ ਇਨਕਲਾਬ ਵਿੱਚ ਸਲਤਨਤਾਂ ਬਦਲਣ ਦੀ ਤਾਕਤ ਹੁੰਦੀ ਹੈ। ਇਸ ਵਿੱਚ ਦੋ ਰਾਵਾਂ ਨਹੀਂ ਹਨ ਕਿ ਜਾਗ੍ਰਿਤੀ ਇਨਕਲਾਬ ਲਿਆਉਂਦੀ ਹੈ ਅਤੇ 'ਅਖਾੜਿਆਂ' ਵਿੱਚ ਗਾਉਣ ਵਾਲੇ ਅਕਸਰ ਵਿਦਵਾਨ ਨਹੀਂ ਹੁੰਦੇ। ਪਰ ਬੱਬੂ ਮਾਨ ਨੇ ਧਰਮ ਪ੍ਰਚਾਰ ਕਮੇਟੀ (ਐਸ ਜੀ ਪੀ ਸੀ) ਵਲੋਂ ਛਪਵਾਈ ਜਿਸ ਪੁਸਤਕ, 'ਸਾਚੀ ਸਾਖੀ' ਦੇ ਹਵਾਲੇ ਨਾਲ ਇਹ ਗੀਤ ਲਿਖ ਕੇ ਗਾਇਆ ਹੈ, ਉਸ 'ਸਾਚੀ ਸਾਖੀ' ਪੁਸਤਕ ਦਾ ਲੇਖਕ ਭਾਈ ਸਾਹਿਬ, ਸਿਰਦਾਰ ਕਪੂਰ ਸਿੰਘ ਜੀ ਨਿਰਸੰਦੇਹ ਵਿਦਵਾਨ ਸਨ। ਕੇਵਲ ਵਿਦਵਾਨ ਹੀ ਨਹੀਂ, ਸਗੋਂ ਆਈ ਸੀ ਐਸ, ਧਾਰਮਿਕ ਪ੍ਰੋਫ਼ੈਸਰ, ਖਾਲਸਾ ਕਾਲਜ ਮੁੰਬਈ, ਮੈਂਬਰ ਪਾਰਲੀਮੈਂਟ, ਮੈਂਬਰ ਪੰਜਾਬ ਵਿਧਾਨ ਸਭਾ ਆਦਿ ਅਤੇ ਨੈਸ਼ਨਲ ਪ੍ਰੋਫ਼ੈਸਰ ਆਫ਼ ਸਿਖਿਜ਼ਮ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਵਰਗਵਾਸੀ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 'ਸਾਚੀ ਸਾਖੀ' ਦੀ ਤੀਜੀ ਐਡੀਸ਼ਨ ਛਪਵਾਉਣ ਵੇਲੇ ਇਹ ਸ਼ਬਦ ਅੰਕਿਤ ਕੀਤੇ ਸਨ ਕਿ, "ਭਾਈ ਸਾਹਿਬ ਸਿਰ-ਦਾਰ ਕਪੂਰ ਸਿੰਘ ਧੁਰੋਂ ਅਜ਼ਾਦ ਕੀਤੇ ਅਜ਼ਾਦ ਮਰਦ ਸਨ। ਇਤਿਹਾਸ, ਗੁਰਬਾਣੀ, ਵੇਦਾਂ, ਕਤੇਬਾਂ ਦੇ ਉਹ ਗਿਆਤਾ ਸਨ। ਸੱਚੀ ਗੱਲ ਕਹਿਣ ਤੋਂ ਜ਼ਰਾ ਨਹੀਂ ਝਿਜਕਦੇ, ਭਾਵੇਂ ਉਹਨਾਂ ਨੂੰ ਕਹੀ ਗੱਲ ਦੀ ਕਿਤਨੀ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਭਾਈ ਸਾਹਿਬ ਸਿਰਦਾਰ ਕਪੂਰ ਸਿੰਘ, 1947 ਤੋਂ ਬਾਅਦ ਜਦੋਂ ਪਹਿਲੇ ਸਿੱਖ ਡਿਪਟੀ ਕਮਿਸ਼ਨਰ ਬਣੇ, ਤਾਂ ਭਾਰਤ ਦੇ ਫਿਰਕੂ ਸਿਆਸਤਦਾਨਾਂ, ਨਹਿਰੂ, ਪਟੇਲ, ਤ੍ਰਿਵੇਦੀ ਦੀ ਸਿੱਖ ਵਿਰੋਧੀ ਸਾਜਿਸ਼ ਦਾ ਪਰਦਾਫਾਸ਼ ਕਰਨ ਤੇ ਉਹਨਾਂ ਨੂੰ ਭਾਰੀ ਕੀਮਤ ਚੁਕਾਉਣੀ ਵੀ ਪਈ ਸੀ। ਨਹਿਰੂ, ਪਟੇਲ, ਤ੍ਰਿਵੇਦੀ ਆਦਿ ਫਿਰਕੂ ਸਿਆਸਤਦਾਨਾਂ ਨੇ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਹਦਾਇਤਾਂ ਜਾਰੀ ਕਰ ਦਿੱਤੀਆਂ ਸਨ ਕਿ 'ਪਾਕਿਸਤਾਨ ਵਿੱਚੋਂ ਉਜੜ ਕੇ ਆਏ ਸਿੱਖਾਂ ਨੂੰ ਖਾਸ ਕਰਕੇ ਅਤੇ ਸਭ ਪੰਜਾਬ ਦੇ ਸਿੱਖਾਂ ਨੂੰ ਹੀ ਇਉਂ ਮੰਨ ਕੇ ਕਿ ਇਹ 'ਜਰਾਇਮ ਪੇਸ਼ਾ ਕੌਮ ਹੈ', ਜਿਤਨੀ ਹੋ ਸਕੇ, ਸਖਤੀ ਇਹਨਾਂ ਉੱਤੇ ਕੀਤੀ ਜਾਵੇ, ਮਾਰਨਾ, ਕੁੱਟਣਾ, ਗੋਲੀਆਂ ਨਾਲ ਮਾਰ ਸੁਟਣਾ ਆਦਿ ਅਤੇ ਇਹ ਕੰਮ ਸਰਕਾਰੀ ਪੱਧਰ ਉੱਤੇ, ਬਿਨਾਂ ਕਾਨੂੰਨ, ਨਿਆਂ ਵਿਚਾਰੇ ਦੇ, ਐਸੀ ਤੱਦੀ ਨਾਲ ਕੀਤਾ ਜਾਵੇ ਕਿ ਸਿੱਖਾਂ ਨੂੰ ਹੋਸ਼ ਆ ਜਾਵੇ ਕਿ ਰਾਜਾ ਕੌਣ ਹੈ ਤੇ ਪਰਜਾ ਕੌਣ ਹੈ ਅਤੇ ਉਸ ਵੇਲੇ ਇਹ ਅਖਾਣ ਪ੍ਰਸਿੱਧ ਹੋ ਗਿਆ ਸੀ। ਕਿ ਮੁਲਖ ਹਿੰਦੂ ਕਾ, ਰਾਜ ਤਿਕੜੇ ਕਾ (ਤਿਕੜਾ-ਨਹਿਰੂ, ਪਟੇਲ, ਤ੍ਰਿਵੇਦੀ) ਗੁਰੂ ਰਾਖਾ ਹੈ ਭਾਈ ਸਿਖੜੇ ਕਾ। ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਨੇ ਫਿਰਕੂ ਤਿਕੜੀ ਦੀਆਂ ਹਦਾਇਤਾਂ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਜਿਸ ਕਰਕੇ ਬਿਨਾਂ ਕਿਸੇ ਦਲੀਲ, ਅਪੀਲ ਦੇ ਉਹਨਾਂ ਨੂੰ ਆਈ ਸੀ ਐਸ ਦੀ ਉੱਚ ਪਧਰੀ ਸਰਕਾਰੀ ਨੌਕਰੀ ਤੋਂ ਧਕੇ ਨਾਲ ਹਟਾ ਕੇ ਜ਼ਲੀਲ ਕੀਤਾ ਗਿਆ। ਕੀ ਉਸ ਵੇਲੇ ਲਾਲਾ ਲਾਜਪਤ ਰਾਏ ਦੇ ਚੇਲਿਆਂ ਨੂੰ ਭਾਈ ਸਾਹਿਬ ਜਾਂ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਖਿਆਲ ਨਹੀਂ ਆਇਆ। ਗੁਲਾਮ ਭਾਰਤ ਨੂੰ ਅਜ਼ਾਦ ਕਰਾਉਣ ਵਾਲੀ ਜਾਂ-ਬਾਜ ਸਿੱਖ ਕੌਮ ਨੂੰ ਜਦੋਂ ਜ਼ਰਾਇਮ ਪੇਸ਼ਾ ਕੌਮ ਦੱਸ ਕੇ ਉਹਨਾਂ ਦੀ (ਸਿੱਖਾਂ ਦੀ) ਨਸਲਕੁਸ਼ੀ ਦੇ ਹੁਕਮ ਜਾਰੀ ਕੀਤੇ ਗਏ, ਕੀ ਉਦੋਂ ਸਿੱਖਾਂ ਦੀਆਂ ਭਾਵਨਾਵਾਂ ਨਹੀਂ ਭੜਕੀਆਂ, ਅੱਜ ਵੀ ਸਿੱਖਾਂ ਦੀ ਨਸਲਕੁਸ਼ੀ ਨਿਰੰਤਰ ਜਾਰੀ ਹੈ। ਜੂਨ 1984 ਦਰਬਾਰ ਸਾਹਿਬ ਦਾ ਸਾਕਾ ਅਤੇ ਨਵੰਬਰ 1984 ਨੂੰ ਦਿੱਲੀ ਅਤੇ ਬਾਕੀ ਸ਼ਹਿਰਾਂ ਵਿੱਚ ਸਿੱਖਾਂ ਦਾ ਸ਼ਰੇਆਮ ਕਤਲ ਇਸ ਗੱਲ ਦਾ ਸਬੂਤ ਤੇ ਗਵਾਹੀਆਂ ਸਾਡੇ ਸਾਹਮਣੇ ਹਨ ਤੇ ਅੱਜ ਵੀ ਸਿੱਖਾਂ ਦੀਆਂ ਭਾਵਨਾਵਾਂ ਦੀ ਕਿਸੇ ਨੂੰ ਪ੍ਰਵਾਹ ਨਹੀਂ। ਪਰ ਜੇ ਲਾਲਾ ਲਾਜਪਤ ਰਾਏ ਦੀ ਮੌਤ ਦੀ ਅਸਲੀਅਤ ਸਾਹਮਣੇ ਆਈ ਤਾਂ ਲਾਲ ਲਾਜਪਤ ਰਾਏ ਦੇ ਵਾਰਸਾਂ ਦੀਆਂ ਭਾਵਨਾਵਾਂ ਭੜਕ ਉੱਠੀਆਂ ਤੇ ਅੰਤ ਵਿੱਚ ਜਾਗ੍ਰਿਤੀ ਨਾਲ ਇਨਕਲਾਬ ਲਿਆਉਣ ਬਾਰੇ, ਭਾਈ ਸਾਹਿਬ ਸਿਰਦਾਰ ਕਪੂਰ ਸਿੰਘ ਦੀ ਲਿਖਤ ਦਾ ਹਵਾਲਾ ਦੇ ਕੇ ਖਿਮਾਂ ਦਾ ਜਾਚਕ ਹੋਵਾਂਗਾ। "ਸਤਾਰਵੀਂ, ਅਠਾਰਵੀਂ ਸਦੀ ਦਾ ਮੁਗਲ ਸਮਰਾਜ ਨਾਲ, ਸਿੱਖ ਮੱਤ ਅਤੇ ਸਿੱਖ ਪੰਥ ਦਾ ਸੰਘਰਸ਼ ਕੋਈ ਐਵੇਂ ਉੱਪਰੀ ਘਟਨਾ ਨਹੀਂ ਸੀ, ਸਗੋਂ ਬੁਨਿਆਦੀ, ਆਤਮਿਕ ਤੇ ਸਮਾਜਕ ਸਿਧਾਂਤਾਂ ਦਾ ਘੋਰ ਸੰਘਰਸ਼ ਅਤੇ ਇਤਿਹਾਸਕ ਭੇੜ ਸੀ, ਜਿਸ ਨਾਲ ਗੁਲਾਮ ਭਾਰਤੀਆਂ ਅੰਦਰ ਜਾਗ੍ਰਿਤੀ ਆਈ ਸੀ। ਲਾਲ ਲਾਜਪਤ ਰਾਏ ਦੀ ਦਿਲ ਫੇਲ੍ਹ ਹੋਣ ਨਾਲ ਮੌਤ ਕਦੋਂ ਤੇ ਕਿਵੇਂ ਹੋਈ ਅਤੇ ਉਸ ਦਾ ਅਸਲ ਕਾਰਨ ਜਾਨਣ ਲਈ ਅਤੇ ਇਹ ਜਾਨਣ ਲਈ ਕਿ ਲਾਲ ਲਾਜਪਤ ਰਾਏ ਦੀ ਮੌਤ ਦਾ ਅੰਗਰੇਜ਼ਾਂ ਕੋਲੋਂ ਬਦਲਾ ਲੈਣ ਲਈ ਭਗਤ ਸਿੰਘ ਨੂੰ ਕਿਵੇਂ ਝੂਠ ਬੋਲ ਕੇ ਉਕਸਾਇਆ ਗਿਆ, ਪੜ੍ਹੋ ਸਾਚੀ ਸਾਖੀ ਪੰਨਾ 65 ਅਤੇ 66। ਦਾਸ ਦੀ ਨਿੱਜੀ ਰਾਇ ਹੈ ਕਿ ਏਨੇ ਪੁਖਤਾ ਸਬੂਤ ਹੁੰਦਿਆਂ ਬਬੂ ਮਾਨ ਨੂੰ ਮੁਆਫ਼ੀ ਨਹੀਂ ਸੀ ਮੰਗਣੀ ਚਾਹੀਦੀ।

**ਗੁਰੂ ਪੰਥ ਦਾ ਦਾਸ**
**ਜਥੇਦਾਰ ਮਹਿੰਦਰ ਸਿੰਘ ਖਹਿਰਾ**

## ਭੁੱਲ ਦੇ ਸੁਧਾਰ ਲਈ ਕੰਵਲ ਜੀ ਕਾ ਕੋਟਿ ਕੋਟਿ ਧੰਨਵਾਦ !



ਮਾਣਯੋਗ ਸੰਪਾਦਕ ਜੀ,

22 ਜੁਲਾਈ 2010 ਵਾਲੇ 'ਪੰਜਾਬ ਟਾਈਮਜ਼' ਵਿੱਚ ਪਾਠਕਾਂ ਦੇ ਪੱਤਰ ਸਿਰਲੇਖ ਹੇਠ ਛਪਿਆ ਸ: ਬਲਬੀਰ ਸਿੰਘ ਕੰਵਲ ਜੀ ਦਾ ਖਤ ਪੜ੍ਹ ਕੇ ਮੈਨੂੰ ਹਾਰਦਿਕ ਪ੍ਰਸੰਨਤਾ ਹੋਈ ਹੈ। ਆਪਣੀਆ ਲਿਖਤਾਂ ਦੀ ਸੋਭਾ ਸੁਣ ਕੇ ਵੈਸੇ ਤਾਂ ਹਰੇਕ ਲਿਖਾਰੀ ਨੂੰ ਖੁਸ਼ੀ ਮਿਲਦੀ ਹੈ। ਪਰ ਕੰਵਲ ਜੀ ਦਾ ਇਹ ਖਤ ਮੇਰੇ ਲਈ ਦੋ ਹੋਰ ਖਾਸ ਕਾਰਨਾਂ ਕਰਕੇ ਖੁਸ਼ੀਆਂ ਭਰਿਆ ਹੋ ਨਿੱਬੜਿਆ ਹੈ। ਪਹਿਲਾ ਕਾਰਨ ਇਹ ਕਿ ਸ: ਕੰਵਲ ਜੀ ਖੁਦ ਵਿਦਵਾਨ ਲੇਖਕ ਹਨ। ਏਸ ਨਜ਼ਰੀਏ ਤੋਂ ਉਨ੍ਹਾਂ ਦੇ ਵਿਚਾਰ ਮੇਰੇ ਜਿਹੇ ਸਿਖਿਆਰਥੀ-ਲਿਖਾਰੀ ਲਈ ਅਥਾਹ ਹੌਂਸਲਾ ਬਖਸ਼ਣ ਵਾਲੇ ਹਨ। ਦੂਸਰਾ ਉਨ੍ਹਾਂ ਨੇ ਮੇਰੀ ਇਕ ਭੁੱਲ ਸੁਧਾਰੀ ਹੈ। ਸਾਡੇ ਪੰਜਾਬੀਆਂ 'ਚ ਇਹ ਬੜਾ ਭਾਰਾ ਨੁਕਸ ਹੈ ਕਿ ਅੱਖਾਂ ਬੰਦ ਕਰਕੇ ਐਵੇਂ 'ਬੱਲੇ ਬੱਲੇ' ਕਰਨ ਲੱਗ ਜਾਂਦੇ ਹਾਂ। ਸ: ਕੰਵਲ ਜੀ ਜੈਸੇ ਵਿਰਲੇ ਪਾਰਖੂ ਹੁੰਦੇ ਨੇ ਜੋ ਗੱਲ ਦੀ ਤਹਿ ਤੱਕ ਜਾਂਦੇ ਹਨ। ਮੈਂ ਸ: ਜੀ ਦਾ ਬਹੁਤ ਹੀ ਰਿਣੀ ਹਾਂ।

ਅਸਲ ਵਿੱਚ ਮੇਰੀ ਲਾਇਬਰੇਰੀ ਪਿੰਡ ਹੀ ਰਹਿ ਗਈ। ਇਥੇ ਕੈਲੇਫ਼ੋਰਨੀਆ ਵਿੱਚ ਮੇਰੇ ਪਾਸ ਸਹਾਇਕ-ਪੁਸਤਕਾਂ ਦੀ ਕਮੀ ਹੈ। ਬੱਸ ਆਮ ਕਰਕੇ ਕੰਠਾਗਰ ਦੇ ਸਹਾਰੇ ਹੀ ਲਿਖਣਾ ਪੈਂਦਾ ਹੈ। ਅਮਰੀਕਾ ਆਉਣ ਲੱਗਿਆਂ ਕਈ ਕਿਤਾਬਾਂ ਅਟੈਚੀਆਂ ਵਿੱਚ ਰੱਖੀਆਂ ਸਨ, ਪਰ ਘਰਦਿਆਂ ਨੇ ਬਾਹਰ ਕੱਢ ਦਿੱਤੀਆਂ, ਅਖੇ ਇਨ੍ਹਾਂ ਦੀ ਥਾਂ ਪੰਜ-ਸੱਤ ਸੂਟ ਨਾ ਹੋਰ ਰੱਖ ਲਈਏ। ਵੈਸੇ ਹੁਣ ਦੁਬਾਰਾ ਸੰਗ੍ਰਹਿ ਕਰ ਰਿਹਾ ਹਾਂ। ਸ: ਕੰਵਲ ਜੀ ਦੇ ਮਿੱਤਰ ਭਾਈ ਫੌਜਾ ਸਿੰਘ ਦੇ ਕਹਿਣ ਅਨੁਸਾਰ ਮੇਰਾ ਪਿੰਡ ਦੁਪਾਲਪੁਰ ਬਿਆਸ ਕੋਲ ਨਹੀਂ, ਸਗੋਂ ਰੋਪੜ ਤੋਂ ਨਵਾਂ ਸ਼ਹਿਰ ਵੱਲ ਜਾ ਰਹੀ ਬਿਸਤ ਦੁਆਬ ਨਹਿਰ ਉੱਤੇ ਬਲਾਚੌਰ ਤੇ ਰਾਹੋਂ ਦੇ ਵਿਚਕਾਰ ਹੈ। ਜਿਥੇ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਦੇ ਵਡਾਰੂ ਰਹਿੰਦੇ ਸਨ। 'ਪੰਜਾਬ ਟਾਈਮਜ਼' ਦੇ ਹੋਰ ਵੀ ਬਹੁਤ ਸਾਰੇ ਪਾਠਕ ਮੇਰੇ ਨਾਲ ਫੋਨ-ਸੰਪਰਕ ਕਰਨਾ ਚਾਹੁੰਦੇ ਰਹਿੰਦੇ ਹਨ। ਕ੍ਰਿਪਾ ਕਰਕੇ ਭਾਰਤੀ ਸਮੇਂ ਅਨੁਸਾਰ ਸਵੇਰੇ ਤੜਕੇ ਪੰਜ ਵਜੇ ਤੋਂ ਸ਼ਾਮ ਛੇ ਵਜੇ ਤੱਕ, ਮੇਰੇ ਨਾਲ 001-408-903-9952 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਭੁੱਲ ਚੁੱਕ ਦੀ ਖਿਮਾਂ

**ਤਰਲੋਚਨ ਸਿੰਘ ਦੁਪਾਲਪੁਰ**

## ਫਿਲਹਾਲ ਹਵਾਵਾਂ ਰੁਮਕਦੀਆਂ, ਜਦੋਂ ਝੱਖੜ ਝੁੱਲੂ ਦੇਖਾਂਗੇ

ਪਿਛਲੇ ਹਫ਼ਤੇ ਇਕ ਚਲੰਤ ਜਿਹੇ ਚੁਟਕਲੇ ਦਾ ਸਹਾਰਾ ਲੈ ਕੇ ਇਕ ਗੁੰਮਨਾਮ ਸੱਜਣ ਵਲੋਂ ਮਾਨ ਸਾਹਿਬ ਦੀ ਆਲੋਚਨਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਤੱਕ ਜਿੰਨੀਆਂ ਵੀ ਚੋਣਾਂ ਹੋਈਆਂ ਹਨ ਬਾਦਲ ਦਲ ਵਲੋਂ ਵਿਰੋਧੀ ਅਕਾਲੀ ਧਿਰਾਂ ਨੂੰ ਕਾਂਗਰਸ ਦੀ ਬੀ ਟੀਮ ਕਹਿ ਕੇ ਭੰਡਿਆ ਹੈ। ਇਸ ਵਾਰ ਐਸ ਜੀ ਪੀ ਸੀ ਚੋਣਾਂ ਵਿਚ ਇਸ ਦੀ ਜ਼ਰੂਰਤ ਨਹੀਂ ਪਵੇਗੀ ਕਿਉਂਕਿ ਸਰਨਾ ਸਾਹਿਬ ਆਪ ਹੀ ਕਾਂਗਰਸ ਤੋਂ ਮਦਦ ਲੈਣ ਦੀ ਗੱਲ ਵਾਰ ਵਾਰ ਦੁਹਰਾ ਰਹੇ ਹਨ। ਦੂਜੇ ਪਾਸਿਓਂ ਕੁਝ ਕਾਂਗਰਸੀ ਲੀਡਰਾਂ ਵਲੋਂ ਵੀ ਐਸੇ ਬਿਆਨ ਆ ਰਹੇ ਹਨ। ਐਸੇ ਪੰਥਕ ਮੋਰਚੇ ਦੀ ਹਾਰ ਦਾ ਦੋਸ਼ ਸ: ਮਾਨ ਸਿਰ ਮੜ੍ਹਨ ਤੋਂ ਪਹਿਲਾਂ ਪਿਛੋਕੜ ਵੱਲ ਝਾਤੀ ਮਾਰੀ ਜਾਵੇ ਕਿ ਸੰਨ 1947 ਤੋਂ ਲੈ ਕੇ 1984 ਤੱਕ ਮਾਨ ਸਾਹਿਬ ਸਿੱਖ ਸਿਆਸਤ ਵਿੱਚ ਨਹੀਂ ਸਨ ਅਤੇ ਇਸ ਦੌਰਾਨ ਕਾਂਗਰਸ ਨੇ ਕਦੀ ਸਾਧ ਸੰਗਤ ਬੋਰਡ ਅਤੇ ਕਦੇ ਹੋਰ ਢੰਗ ਤਰੀਕਿਆਂ ਰਾਹੀਂ ਕੋਸ਼ਿਸ਼ਾਂ ਕਰਕੇ ਹਾਰ ਖਾਧੀ ਹੈ ਉਸ ਦਾ ਦੋਸ਼ ਕਿਸ ਨੂੰ ਦਿੱਤਾ ਜਾਵੇ ?

ਸਰਨਾ ਸਾਹਿਬ ਜਿਹੜੀ ਸੋਨੇ ਦੀ ਪਾਲਕੀ ਪਾਕਿਸਤਾਨ ਲੈ ਕੇ ਗਏ ਸਨ, ਉਸ ਨੂੰ ਉਥੋਂ ਦੇ ਪ੍ਰਬੰਧਕਾਂ ਨੇ ਮੁੱਖ ਅਸਥਾਨ ਤੇ ਸੁਸ਼ੋਭਿਤ ਨਹੀਂ ਕੀਤਾ ਸਗੋਂ ਇਕ ਸ਼ੀਸ਼ੇ ਦਾ ਵੱਖਰਾ ਕੈਬਿਨ ਬਣਾ ਕੇ ਰੱਖਿਆ ਹੋਇਆ ਹੈ ਤੇ ਹੁਣ ਗੁਰਦੁਆਰਾ ਸਾਹਿਬ ਤੇ ਸੋਨਾ ਲਵਾਉਣ ਦੀਆ ਖਬਰਾਂ ਹਨ। ਜਦ ਕਿ 12 ਕਰੋੜ ਦੇ ਕਰੀਬ ਸਿਕਲੀਗਰ ਵਣਜਾਰੇ ਸਿੱਖ ਅਤੇ ਨਵੰਬਰ 84 ਦੇ ਸਮੇਂ ਤੋਂ ਸਿੱਖ ਨਸਲਕੁਸ਼ੀ ਤੋਂ ਪੀੜ੍ਹਤ ਪਰਿਵਾਰ ਜ਼ਿੰਦਗੀ ਦੀਆਂ ਮੁਢਲੀਆ ਸਹੂਲਤਾਂ ਨੂੰ ਤਰਸ ਰਹੇ ਹਨ। ਐਸ ਜੀ ਪੀ ਸੀ ਦੇ ਮੌਜੂਦਾ ਪ੍ਰਬੰਧਕ ਕਾਰ ਸੇਵਾ ਵਾਲਿਆਂ ਰਾਹੀਂ ਸੰਗਮਰਮਰ ਲਵਾ ਰਹੇ ਹਨ ਤਾਂ ਦੋਹਾਂ ਵਿਚ ਫ਼ਰਕ ਕੀ ਹੈ। ਚਿੱਟੇ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਉਹੋ ਜਿਹੀ ਮਾਨਸਿਕਤਾ ਵਾਲੇ ਅੰਗਰੇਜ਼ਾਂ ਦੇ ਆਉਣ ਨਾਲ ਕੀ ਆਮ ਆਦਮੀ ਨੂੰ ਅਜ਼ਾਦੀ ਮਿਲ ਸਕੀ ਹੈ। ਬਾਦਲ ਦਲ ਵਾਲਿਆਂ ਨੂੰ ਕੋਈ ਵੀ ਸਿੱਖ ਮਸਲਾ ਉਠਾਉਣ ਤੋਂ ਪਹਿਲਾਂ ਬੀ ਜੇ ਪੀ ਤੋਂ ਐਨ ਓ ਸੀ ਲੈਣੀ ਪੈਂਦੀ ਹੈ ਜੇ ਪ੍ਰਬੰਧ ਸਰਨਾ ਸਾਹਿਬ ਚਲਾਉਂਦੇ ਹਨ ਤਾਂ ਉਨ੍ਹਾਂ ਨੂੰ ਇਹੀ ਐਨ ਓ ਸੀ ਕਾਂਗਰਸ ਤੋਂ ਲੈਣੀ ਪੈਂਦੀ ਹੈ।

ਹੁਣ ਇਹ ਫ਼ੈਸਲਾ ਤਾਂ ਸਿੱਖ ਕੌਮ ਨੇ ਕਰਨਾ ਹੈ ਕਿ ਅਸੀਂ ਸਿੱਖਾਂ ਦੀ ਪਾਰਲੀਮੈਂਟ ਕਹੀ ਜਾਂਦੀ ਸ਼੍ਰੋਮਣੀ ਸੰਸਥਾ ਦੇ ਵਿੱਚ ਬੀ ਜੇ ਪੀ ਜਾਂ ਕਾਂਗਰਸ ਦੀ ਸਰਦਾਰੀ ਪ੍ਰਵਾਨ ਕਰਨੀ ਹੈ। ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮ ਅਤੇ ਉਪਦੇਸ਼ ਅਨੁਸਾਰ ਚੱਲਣ ਵਾਲੇ ਪੰਥਕ ਗੁਰਸਿੱਖਾਂ ਦੇ ਹੱਥ ਵਿੱਚ ਇਸ ਦਾ ਪ੍ਰਬੰਧ ਦੇਣਾ ਹੈ ਤਾਂ ਜੋ 1925 ਵਿੱਚ ਸਥਾਪਤ ਹੋਈ ਐਸ ਜੀ ਪੀ ਸੀ ਦੇ ਵਿਧਾਨ ਅਨੁਸਾਰ ਯੋਗ ਅਤੇ ਉਸਾਰੂ ਢੰਗ ਨਾਲ ਇਸ ਦਾ ਪ੍ਰਬੰਧ ਚਲਾਇਆ ਜਾ ਸਕੇ। ਜਿੱਤਾਂ ਅਤੇ ਹਾਰਾਂ ਤਾਂ ਵੋਟਾਂ ਦੀ ਰਾਜਨੀਤੀ ਦਾ ਹਿੱਸਾ ਹਨ ਪਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਹਮੇਸ਼ਾ ਗੁਰੂ ਸਾਹਿਬ ਦੇ ਆਸ਼ੇ ਅਤੇ ਉਪਦੇਸ਼ਾਂ ਤੇ ਪਹਿਰਾ ਦਿੰਦੇ ਹੋਏ ਸਮੇਂ ਦੀਆਂ ਸਰਕਾਰਾਂ ਦੇ ਹਰ ਵਾਰ ਨੂੰ ਅਡੋਲਤਾ ਨਾਲ ਸਹਾਰਿਆ ਹੈ। ਕਦੇ ਸਿਧਾਂਤ ਨਾਲ ਸਮਝੌਤਾ ਨਹੀਂ ਕੀਤਾ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਡੋਲ ਰਹੇ ਦਿਲਾਂ ਲਈ ਪ੍ਰੇਰਣਾ ਸਰੋਤ ਬਨਣੀ ਚਾਹੀਦੀ ਹੈ। ਜਿਉਂ ਜਿਉਂ ਚੋਣ ਨਜ਼ਦੀਕ ਆਵੇਗੀ ਪਾਰਟੀ ਉੱਪਰ ਤਿੱਖੇ ਵਾਰ ਵੀ ਕੀਤੇ ਜਾਣਗੇ ਪਰ ਉਨ੍ਹਾਂ ਲਈ ਅਗਾਊਂ ਸੁਨੇਹਾ ਹੈ ਕਿ ਜੋ ਟੁਟ ਕੇ ਬਿਖਰ ਜਾਏਂ ਵੋ ਪੱਤੇ ਨਹੀਂ ਹੈਂ ਹਮ ਆਂਧੀਓਂ ਸੇ ਕਹੋ ਜ਼ਰਾ ਔਕਾਤ ਮੇਂ ਰਹੇਂ।

**ਸਰਬਜੀਤ ਸਿੰਘ - ਜਨਰਲ ਸਕੱਤਰ**
**ਸ਼੍ਰੋਮਣੀ ਅਕਾਲ ਦਲ ਅੰਮ੍ਰਿਤਸਰ ਯੂ ਕੇ**

## ਬੱਚਿਆਂ ਦੇ ਲਈ ਫੇਸਬੁਕ ਦਾ ਪੈਨਿਕ ਬਟਨ

ਲੰਡਨ-ਫੇਸਬੁਕ ਵਰਗੀ ਸ਼ੋਸ਼ਣ ਨੈੱਟਵਰਕਿੰਗ ਵੈੱਬਸਾਈਟ 'ਤੇ ਨੌਜਵਾਨਾਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਪੈਨਿਕ ਬਟਨ ਲਾਂਚ ਕਰਨ ਦੀ ਯੋਜਨਾ ਹੈ। ਬ੍ਰਿਟਿਸ਼ ਸਰਕਾਰ ਅਤੇ ਚਾਈਲਡ ਐਕਸਪਲਾਇਟੇਸ਼ਨ ਐਂਡ ਆਨਲਾਈਨ ਪ੍ਰੋਟੈਕਸ਼ਨ ਸੈਂਟਰ ਦੇ ਸੰਯੁਕਤ ਯਤਨ ਨਾਲ ਇਹ ਕੰਮ ਹੋ ਰਿਹਾ ਹੈ। ਬੇਬੋ ਅਤੇ ਮਾਈਸਪੇਸ ਦੇ ਬਾਅਦ ਫੇਸਬੁੱਕ ਇਸ ਐਪਲੀਕੇਸ਼ਨ ਨੂੰ ਲਾਂਚ ਕਰਨ ਵਾਲੀ ਤੀਸਰੀ ਵੈੱਬਸਾਈਟ ਹੋਵੇਗੀ। ਇਸ ਦੇ ਰਾਹੀਂ ਬੱਚਿਆਂ ਨਾਲ ਸੰਬੰਧਿਤ ਯੌਨ ਅਪਰਾਧਾਂ 'ਤੇ ਲਗਾਮ ਕੱਸਣ ਵਿੱਚ ਮਦਦ ਮਿਲੇਗੀ। ਇੰਗਲੈਂਡ ਅਤੇ ਸਕਾਟਲੈਂਡ ਦੇ 44 ਪੁਲੀਸ ਅਧਿਕਾਰੀਆਂ ਨੇ ਸੀ. ਈ. ਓ. ਪੀ. ਦੀ ਪੈਨਿਕ ਬਟਨ ਪੇਸ਼ਕਸ਼ 'ਤੇ ਦਸਤਖ਼ਤ ਕੀਤੇ ਹਨ।